medicare

Urgent Care Clinic

Punjabi



# ਮੈਡੀਕੇਅਰ ਅਰਜੈਂਟ ਕੇਅਰ (ਬਹੁਤ ਜਰੂਰੀ ਦੇਖਭਾਲ) ਕਲੀਨਿਕ ਵਿੱਚ ਕਦੋਂ ਜਾਣਾ ਹੈ

ਮੈਡੀਕੇਅਰ ਅਰਜੈਂਟ ਕੇਅਰ ਕਲੀਨਿਕ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਡਾਕਟਰ ਜਾਂ ਨਰਸ ਨੂੰ ਮਿਲਣ ਲਈ ਹੋਰ ਵਧੇਰੇ ਵਿਕਲਪ ਦਿੰਦੇ ਹਨ ਜਦੋਂ ਜ਼ਰੂਰੀ ਇਲਾਜ ਦੀ ਲੋੜ ਹੈ ਪਰ ਜਾਨ ਨੂੰ ਖ਼ਤਰੇ ਵਾਲੀ ਕੋਈ ਗੱਲ ਨਹੀਂ ਹੁੰਦੀ ਹੈ।

ਬਲਕ ਬਿੱਲ ਵਾਲੇ ਇਲਾਜ ਲਈ ਆਪਣੇ ਸਥਾਨਕ ਮੈਡੀਕੇਅਰ ਅਰਜੈਂਟ ਕੇਅਰ ਕਲੀਨਿਕ 'ਤੇ ਜਾਓ ਜਿਵੇਂ ਕਿ:

- ✓ ਮਾਮੂਲੀ ਲਾਗਾਂ
- ✓ ਹੱਡੀਆਂ ਦੀ ਮਾਮੂਲੀ ਟੁੱਟ ਭੱਜ, ਮੋਚ, ਖੇਡਾਂ ਦੀਆਂ ਸੱਟਾਂ ਅਤੇ ਗਰਦਨ ਅਤੇ ਪਿੱਠ ਵਿੱਚ ਦਰਦ
- ✓ ਪਿਸ਼ਾਬ ਨਾਲੀ ਦੀਆਂ ਲਾਗਾਂ (ਯੂ ਟੀ ਆਈ)
- ✓ ਸੰਭੋਗ ਨਾਲ ਹੋਣ ਵਾਲੀਆਂ ਲਾਗਾਂ (ਐਸ ਟੀ ਆਈ)
- ✓ ਮਾਮੂਲੀ ਚੀਰ
- ✓ ਮੱਛਰਾਂ/ਕੀੜਿਆਂ ਦੇ ਲੜਨ ਅਤੇ ਧੱਫੜ
- ✓ ਅੱਖ ਅਤੇ ਕੰਨ ਦੀ ਮਾਮੂਲੀ ਲਾਗ
- ✓ ਸਾਹ ਦੀ ਬਿਮਾਰੀ
- ✓ ਦਸਤ ਤੇ ਉਲਟੀਆਂ (ਗੈਸਟਰੋਐਂਟਰਾਇਟਿਸ)
- ✓ ਮਾਮੂਲੀ ਸਾੜ।

ਮੈਡੀਕੇਅਰ ਅਰਜੈਂਟ ਕੇਅਰ ਕਲੀਨਿਕ ਨਿਯਮਤ ਜਾਂਚਾਂ ਜਾਂ ਗੁੰਝਲਦਾਰ ਸਥਿਤੀਆਂ ਲਈ ਇਲਾਜ ਪ੍ਰਦਾਨ ਨਹੀਂ ਕਰਦੇ ਹਨ। ਗੈਰ-ਜ਼ਰੂਰੀ, ਰੁਟੀਨ ਅਤੇ ਰੋਕਥਾਮ ਵਾਲੀ ਸਿਹਤ ਦੇਖਭਾਲ ਲਈ ਆਪਣੇ ਜੀ ਪੀ ਨੂੰ ਮਿਲੋ।

**ਜੇਕਰ ਤੁਹਾਨੂੰ ਜਾਂ ਤੁਹਾਡੇ ਕਿਸੇ ਅਜ਼ੀਜ਼ ਨੂੰ ਜਾਨਲੇਵਾ ਸੱਟ ਲੱਗੀ ਜਾਂ ਬਿਮਾਰ ਹੈ, ਤਾਂ ਟ੍ਰਿਪਲ ਜ਼ੀਰੋ (000) ਤੇ ਫ਼ੋਨ ਕਰੋ ਜਾਂ ਆਪਣੇ ਹਸਪਤਾਲ ਦੇ ਐਮਰਜੈਂਸੀ ਵਿਭਾਗ ਵਿੱਚ ਜਾਓ।**

ਆਪਣਾ ਨਜ਼ਦੀਕੀ ਮੈਡੀਕੇਅਰ ਅਰਜੈਂਟ ਕੇਅਰ ਕਲੀਨਿਕ ਲੱਭਣ ਲਈ: **health.gov.au/MedicareUCC** 'ਤੇ ਜਾਓ।